## ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ

**ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥**

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਇਹ ਸਲੋਕ, 'ਗੂਜਰੀ ਕੀ ਵਾਰ ਮ:੩' ਦੀ ੧੬ਵੀਂ ਪਉੜੀ ਦੇ ਨਾਲ ਅੰਕਤ ਕੀਤਾ ਹੈ। ਇਸ ਪਉੜੀ ਨਾਲ ਇਹ ਦੂਜਾ ਸਲੋਕ ਹੈ। ਇਹ ਅੰਕ ੫੧੫ ਤੇ ਸੁਭਾਇਮਾਨ ਹੈ।

This stanza of Sri Guru Amardas Sahib is attached to the 16th Pauri of Goojri ki Vaar Mehla 3.This can found on Page 515 of Guru Granth Sahib.

-- ਮਹਾਰਾਜ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ ਗੁਰੂ ਅਨੁਸਾਰੀ ਹਨ ਉਹ ਸਦਾ 'ਵਾਹੁ ਵਾਹੁ', ਭਾਵ, **ਵਾਹਗੁਰੂ ਵਾਹਗੁਰੂ ਵਾਹਗੁਰੂ...** ਦਾ ਸਿਮਰਨ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਉਹ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਰਹਿੰਦੇ ਹਨ। ਜਦ ਕਿ ਜੋ ਆਪਣੇ ਮਨ ਦੇ ਪਿਛੇ ਚਲਣ ਵਾਲੇ ਹਨ ਉਹ ਸਦਾ ਹੀ ਮਾਇਆ ਮੋਹ ਆਦਿ ਦੀ ਜ਼ਹਿਰ ਖਾ ਕੇ ਅਧਿਆਤਮਕ ਮੌਤ ਮਰਦੇ ਰਹਿੰਦੇ ਹਨ।

The Guru says that the people who are always conform the Guru, always keep on praising the Lord/Guru as Great Great...(*Wah Wah...*) (in English Wow....) or Wahguru Wahguru.... They keep on meditating like this. But the self-willed people always keep on swelling the poison of illusionary worldly attachments or *Maya.*

**ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥**

-- ਮਨ ਦੇ ਪਿਛੇ ਚਲਣ ਵਾਲਿਆਂ ਨੂੰ 'ਵਾਹੁ ਵਾਹੁ' ਭਾਵ, **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ...** ਸਿਮਰਨ ਨਹੀਂ ਸੁਖਾਂਦਾ ਜਾਂ ਭਾਉਂਦਾ, ਜਿਸ ਕਰਕੇ ਉਹ ਲੋਕ ਪਰਲੋਕ ਵਿਚ ਦੁਖ ਪਾਉਂਦੇ ਹਨ।

Such people don't like to meditate on the Greatness of the Guru by saying Wah Wah... or Wahguru Wahguru... That's why they are always in misery, here and hereafter.

**ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥**

-- ਗੁਰੂ ਦੀ ਮਤਿ ਦਾ ਅਨੁਸਰਣ ਕਰਨ ਵਾਲੇ ਲਿਵ ਜੋੜ ਕੇ 'ਵਾਹੁ ਵਾਹੁ' **ਵਾਹਗੁਰੂ ਵਾਹਗੁਰੂ ਵਾਹਗੁਰੂ...** ਕਰ ਕੇ ਇਹ ਨਾਮ ਰੂਪੀ ਅੰਮ੍ਰਿਤ ਪੀਂਦੇ ਰਹਿੰਦੇ ਹਨ।

The persons who conform the Guru always contemplate on Wah Wah or Wahguru Wahguru... and drink its Nectar.

**ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥**

-- ਪਾਤਸ਼ਾਹ ਫ਼ੁਰਮਾਣ ਕਰਦੇ ਹਨ ਜੋ 'ਵਾਹੁ ਵਾਹੁ' ਵਾਹਗੁਰੂ ਵਾਹਗੁਰੂ ਵਾਹਗੁਰੂ... ਦਾ ਸਿਮਰਨ ਕਰਦੇ ਰਹਿੰਦੇ ਹਨ ਉਹ ਭਗਤ ਜਨ ਹਉਮੈ ਦੀ ਮੈਲ ਤੋਂ ਰਹਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਤਿਨਾਂ ਭਵਨਾਂ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ।੨।

The Guru says that who contemplate on Wah Wah like this are those Devotees or Bhagats who become immaculate and obtain perception of all the three worlds.2.